The true picture of your local community
NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੁਵਿੰਗ
CONTACT RAJ : 021874730, 021874702, 0800 253 2687
www.redcleaning.co.nz

24 May 2019 Daily, editornztasveer@gmail.com designnztasveer@gmail.com Ph/Fax: 09 390 4644 FREE

## ਸੰਸਦ ਵਿੱਚ ਔਰਤਾਂ ਦੀ ਸੁਰੱਖਿਆ 'ਚ ਸੁਧਾਰ ਕਰਨ ਦੀ ਲੋੜ :- ਪ੍ਰਧਾਨ ਮੰਤਰੀ ਜਸ਼ਿੰਦਾ ਆਰਡਨ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪ੍ਰਧਾਨ ਮੰਤਰੀ ਜਸ਼ਿੰਦਾ ਆਰਡਨ ਨੇ ਅੱਜ ਕਿਹਾ ਕਿ ਸੰਸਦ ਵਿੱਚ ਔਰਤਾਂ ਦੀ ਸੁਰੱਖਿਆ 'ਚ"ਸੁਧਾਰ ਕਰਨ ਦੀ ਲੋੜ ਹੈ",। ਸੰਸਦ ਵਿੱਚ ਧੱਕੇਸ਼ਾਹੀ ਅਤੇ ਪਰੇਸ਼ਾਨੀ ਬਾਰੇ ਇੱਕ ਰਿਪੋਰਟ ਜਾਰੀ ਕੀਤੀ ਗਈ, ਇਸ ਹਫਤੇ ਜਾਰੀ ਕੀਤੀ ਗਈ ਰਿਪੋਰਟ 'ਕਥਿਤ ਜਿਨਸੀ ਹਮਲੇ ਦੇ ਕੇਸਾਂ ਵਿੱਚ, ਜਿਨ੍ਹਾਂ ਵਿੱਚੋਂ ਤਿੰਨ "ਬੇਹੱਦ ਗੰਭੀਰ ਹਨ ਅਤੇ ਕੁਝ ਬਹੁਤ ਹੀ ਜਿਆਦਾ ਗਲਤ ਵਿਵਹਾਰ ਨੂੰ ਦਰਸਾਉਣ ਵਾਲੇ ਹਨ। ਸਪੀਕਰ ਮਾਲਾਰਡ ਨੇ ਕਿਹਾ ਕਿ ਕੱਲ੍ਹ ਸੰਸਦੀ ਸੇਵਾਵਾਂ ਦੇ ਇੱਕ ਸਟਾਫ ਮੈਂਬਰ ਨੂੰ ਜਿਨਸ਼ੀ ਦੋਸ਼ਾਂ ਦਾ ਸਾਹਮਣਾ ਕਰਨਾ ਪਇਆ ਹੈ। ਮਿਸ ਆਰਡਨ ਨੇ ਕਿਹਾ ਕਿ ਇਹ ਸਪੀਕਰ ਦੀ ਜ਼ਿੰਮੇਵਾਰੀ ਹੈ ਕਿ ਉਹ ਸੁਨਿਸ਼ਚਿਤ ਕਰਨ ਕਿ ਅਸੀਂ ਜਿਹੜੀਆਂ ਵੀ ਮਹੱਤਵਪੂਰਨ ਟੀਮਾਂ ਨਾਲ ਕੰਮ ਕਰਦੇ ਹਾਂ ਉਥੇ ਅਸੀਂ ਸਾਰੇ ਸੁਰੱਖਿਆਤ ਹਾਂ। ਜਦੋਂ ਪ੍ਰਧਾਨ ਮੰਤਰੀ ਤੋਂ ਇਹ ਪੁੱਛਿਆ ਗਿਆ ਕਿ ਕੀ ਸੰਸਦ ਇਕ ਔਰਤ ਲਈ ਸੁਰੱਖਿਅਤ ਜਗ੍ਹਾ ਹੈ ? ਤਾਂ ਮਿਸ ਆਰਡਰਨ ਨੇ ਕਿਹਾ, "ਇਸ ਵਿਚ ਸੁਧਾਰ ਕਰਨ ਦੀ ਜ਼ਰੂਰਤ ਹੈ"।

## ਸਰਕਾਰੀ ਟੀਚਿਆਂ ਦੇ ਬਾਵਜੂਦ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 'ਚ ਵਾਧਾ ਨਹੀਂ ਕਰਨਾ ਚਾਹੁੰਦੀ ਆਕਲੈਂਡ ਯੂਨੀਵਰਸਿਟੀ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਆਕਲੈਂਡ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਸਟੂਅਰਟ ਮੈਕਕਟਚਨ ਨੇ ਦੱਸਿਆ ਕਿ ਉਨ੍ਹਾਂ ਦੀ ਯੂਨੀਵਰਸਿਟੀ ਦੀ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਕੋਈ ਰੁਚੀ ਨਹੀਂ ਹੈ। ਉਹ ਆਪਣੇ ਦਾਅਵਿਆਂ ਅਤੇ ਯੂਨੀਵਰਸਿਟੀ ਦੇ ਲੈਕਚਰਾਰਾਂ ਦੇ ਦਾਅਵਿਆਂ ਦਾ ਹਵਾਲਾ ਦਿੰਦੇ ਹਨ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਮਾਮਲਿਆਂ 'ਚ ਧੋਖਾਧੜੀ ਦੀ ਸਮੱਸਿਆ ਗੰਭੀਰ ਹੈ ਅਤੇ ਵਧ ਰਹੀ ਹੈ ਜੋ ਕਿ ਯੂਨੀਵਰਸਿਟੀ ਲਈ ਘਾਤਕ ਸਿੱਧ ਹੋ ਸਕਦੀ ਹੈ। ਬੇਸ਼ੱਕ ਨਿਊਜੀਲੈਂਡ ਵਿਦਿਆਰਥੀ ਤੋਂ ਕੌਮਾਂਤਰੀ ਵਿਦਿਆਰਥੀ ਸਾਡੀ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਕਰਨ ਲਈ ਛੇ ਗੁਣਾ ਜ਼ਿਆਦਾ ਅਦਾਇਗੀ ਕਰਦੇ ਹਨ। ਉਨ੍ਹਾਂ ਨੇ ਸਾਡੀ ਅਰਥ ਵਿਵਸਥਾ ਵਿਚ £ 4.6 ਬਿਲੀਅਨ ਦਾ ਟੀਚਾ ਹਿੱਸਾ ਪਾਇਆ ਹੈ। ਸਰਕਾਰ ਨੂੰ ਉਮੀਦ ਹੈ ਕਿ 2025 ਤੱਕ ਇਹ ਅੰਕੜਾ 6 ਬਿਲੀਅਨ ਡਾਲਰ ਤੱਕ ਵਧਾਏਗਾ। ਉਨਹਾਂ ਕਿਹਾ ਕਿ ਸਰਕਾਰ ਇਨ੍ਹਾਂ ਵਿਦਿਆਰਥੀਆਂ ਦੀ ਗਿਣਤੀ ਵਧਾਉਣਾ ਚਾਹੁੰਦੀ ਹੈ, ਕਿਉਂਕਿ ਆਰਥਿਕ ਪੱਖੋਂ ਇਸ ਦਾ ਵੱਡਾ ਲਾਭ ਸਰਕਾਰ ਨੂੰ ਮਿਲਦਾ ਹੈ। ਕਈਂ ਲੈਕਚਰਾਰਾਂ ਦਾ ਕਹਿਣਾ ਹੈ ਕਿ ਕਈਂ ਯੂਨੀਵਰਸਿਟੀਆਂ ਘਟੀਆ ਲਿਖਾਈ ਦੀ ਸਮੱਸਿਆ ਨੂੰ ਨਜ਼ਰਅੰਦਾਜ਼ ਕਰ ਰਹੀਆਂ ਹਨ ਤਾਂ ਜੋ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਹੋਣ ਵਾਲੀ ਆਮਦਨ ਉਨ੍ਹਾਂ ਨੂੰ ਮਿਲਦੀ ਰਹੇ। ਪਰ ਇਸ ਨਾਲ ਯੂਨੀਵਰਸਿਟੀ ਦੀ ਕਾਰਜਸ਼ੈਲੀ ਪ੍ਰਭਾਵਿਤ ਹੁੰਦੀ ਹੈ।

## ਅਮਰੀਕਾ ਚ ਮੋਦੀ ਦੇ ਫੈਨ ਨੇ ਨਤੀਜੇ ਦੇਖਣ ਲਈ ਬੁੱਕ ਕਰਾਇਆ ਥੀਏਟਰ



ਲੋਕਸਭਾ ਚੋਣਾਂ 2019 ਦੇ ਰੁਝਾਨਾਂ ਵਿਚ ਭਾਜਪਾ ਨੂੰ ਦੂਜੀ ਵਾਰ ਬਹੁਮਤ ਮਿਲਣ ਦੀ ਖੁਸ਼ੀ ਵਿਚ ਵਿਦੇਸ਼ਾਂ ਵਿਚ ਵੱਸਦੇ ਪ੍ਰਸ਼ੰਸਕ ਜਸ਼ਨ ਮਨਾ ਰਹੇ ਹਨ। ਭਾਰਤ ਵਿਚ ਲੋਕ ਜ਼ਿਆਦਾਤਰ ਟੀ.ਵੀ. ਅਤੇ ਸੋਸ਼ਲ ਮੀਡੀਆ ਜ਼ਰੀਏ 17ਵੀਂ ਲੋਕਸਭਾ ਚੋਣਾਂ ਦੇ ਨਤੀਜੇ ਦੇਖ ਰਹੇ ਹਨ। ਸ਼ੁਰੂਆਤੀ ਰੁਝਾਨਾਂ ਵਿਚ ਭਾਜਪਾ ਦੀ ਅਗਵਾਈ ਵਾਲਾ ਐੱਨ.ਡੀ.ਏ. 300 ਤੋਂ ਉੱਪਰ ਸੀਟਾਂ ਜਿੱਤਦਾ ਨਜ਼ਰ ਆ ਰਿਹਾ ਹੈ। ਪੀ.ਐੱਮ. ਨਰਿੰਦਰ ਮੋਦੀ ਦੇ ਦੇਸ਼ ਵਿਚ ਹੀ ਨਹੀਂ ਸਗੋਂ ਵਿਦੇਸ਼ ਵਿਚ ਵੀ ਫੈਨਸ ਮੌਜੂਦ ਹਨ। ਅਮਰੀਕਾ ਵਿਚ ਰਹਿਣ ਵਾਲੇ ਉਨ੍ਹਾਂ ਦੇ ਇਕ ਫੈਨ ਨੇ ਲੋਕਸਭਾ ਚੋਣਾਂ ਦੇ ਨਤੀਜੇ ਦੇਖਣ ਲਈ ਪੂਰਾ ਥੀਏਟਰ ਬੁੱਕ ਕਰਵਾ ਲਿਆ। ਉਨ੍ਹਾਂ ਨੇ ਇਹ ਥੀਏਟਰ ਮਿਨੀਏਪੋਲਿਸ ਵਿਚ ਬੁੱਕ ਕਰਵਾਇਆ ਤਾਂ ਜੋ ਲੋਕਾਂ ਨੂੰ ਨਤੀਜਿਆਂ ਦੇ ਬਾਰੇ ਵਿਚ ਤੁਰੰਤ ਜਾਣਕਾਰੀ ਮਿਲ ਸਕੇ। ਇਸ ਫੈਨ ਦਾ ਨਾਮ ਰਮੇਸ਼ ਨੂਨੇ ਹੈ ਜੋ ਪੇਸ਼ੇ ਤੋਂ ਆਈ.ਟੀ. ਪ੍ਰੋਫੈਸ਼ਨਲ ਹੈ। ਨੂਨੇ ਨੇ ਵੱਖ-ਵੱਖ ਟੀ.ਵੀ. ਨਿਊਜ਼ ਚੈਨਲਾਂ ਜ਼ਰੀਏ ਸਿਨੇਮਾ ਹਾਲ ਵਿਚ ਚੋਣ ਨਤੀਜਿਆਂ ਦੀ ਸਕ੍ਰੀਨਿੰਗ ਦਾ ਆਯੋਜਨਾ ਕੀਤਾ। ਲੋਕਾਂ ਨੂੰ ਵੀਰਵਾਰ ਅਮਰੀਕੀ ਸਮੇਂ ਮੁਤਾਬਕ ਸਵੇਰ ਦੇ 9:30 ਵਜੇ ਤੋਂ ਚੋਣ ਨਤੀਜੇ ਮਿਲਣੇ ਸ਼ੁਰੂ ਹੋ ਗਏ ਸਨ। ਲਗਭਗ 150 ਲੋਕਾਂ ਨੇ ਇਸ ਸਿਨੇਮਾ ਹਾਲ ਦਾ ਟਿਕਟ ਖਰੀਦਿਆ, ਜਿਸ ਦੀ ਕੀਮਤ 15 ਡਾਲਰ ਮਤਲਬ 1,000 ਰੁਪਏ ਹੈ।

## 10 ਸਾਲਾ ਲੜਕੀ ਨੂੰ ਮਿਲਿਆ ਸੁਪਰਹੀਰੋ ਐਵਾਰਡ, ਪਿਤਾ ਨੂੰ ਦੌਰਾ ਪੈਣ 'ਤੇ ਚਲਾਈ ਕਾਰ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) 10 ਸਾਲਾ ਹੈਮਿਲਟਨ ਦੇ ਰਹਿਣ ਵਾਲੀ ਲੜਕੀ ਨੇ ਇਕ ਤੇਜ਼ ਰਫ਼ਤਾਰ ਕਾਰ ਨੂੰ ਕੰਟਰੋਲ ਕਰਨ 'ਤੇ ਸੁਪਰਹੀਰੋ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। Veyda-Blu Toko-Gaylor's ਦੀ ਤੇਜ਼ ਬੁੱਧੀ ਨੇ ਫ਼ਰਵਰੀ ਦੀ ਇੱਕ ਰਾਤ ਨੂੰ Reuben Gaylor ਜੋ ਕਿ ਲੜਕੀ ਦਾ ਪਿਤਾ ਹੈ ਦੀ ਜਾਨ ਬਚਾਈ। 10 ਸਾਲਾਂ Veyda-Blu Toko-Gaylor's ਨੇ ਦੱਸਿਆ, "ਅਸੀਂ Pirongia ਜਾ ਰਹੇ ਸਾਂ ਜਿਥੇ ਮੇਰਾ ਚਾਚਾ ਜੀ ਰਹਿੰਦੇ ਹਨ।, ਪਿਤਾ ਜੀ ਨੇ ਮੈਨੂੰ ਦੱਸਿਆ ਕਿ ਉਹ ਠੀਕ ਮਹਿਸੂਸ ਨਹੀਂ ਕਰ ਰਿਹਾ ਸੀ ਇੰਨੇ ਵਿੱਚ ਹੀ ਅਚਾਨਕ ਉਨਾਂ ਨੂੰ ਦੌਰਾ ਪੈ ਗਿਆ।ਅਤੇ ਉਹ ਇੱਕ ਪਾਸੇ ਨੂੰ ਝੁਕ ਗਏ, ਉਸ ਵਕਤ ਕਾਰ ਦੀ ਸਪੀਡ ਲੱਗਭਗ 100 ਕਿਲੋ ਮੀਟਰ ਪ੍ਰਤੀ ਘੰਟਾ ਸੀ। ਫਿਰ ਉਸ ਨੇ ਹਿੰਮਤ ਕਰਕੇ ਕਾਰ ਦਾ ਸਟੇਰਿੰਗ ਫੜਿਆ ਅਤੇ ਗੱਡੀ ਨੂੰ ਇੱਕ ਸੁਰੱਖਿਆ ਥਾਂ ਪਾਰਕ ਕਰਕੇ 111 ਦੀ ਮਦਦ ਲਈ। ਲੜਕੀ ਦੇ ਪਿਤਾ ਨੇ ਦੱਸਿਆ ਕਿ ਮੇਰੀ ਜਾਨ ਮੇਰੀ ਬੇਟੀ ਕਰਕੇ ਬਚੀ ਹੈ।

## ਪੁਲਿਸ ਨੇ ਦੱਖਣੀ ਆਕਲੈਂਡ 'ਚ ਮਾਰੇ ਗਏ ਵਿਅਕਤੀ ਦੀ ਪਛਾਣ ਜਨਤਕ ਕੀਤੀ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) Otara 'ਚ ਬੀਤੇ ਸ਼ੁਕਰਵਾਰ ਨੂੰ ਗੋਲੀਬਾਰੀ 'ਚ ਮਾਰੇ ਗਏ ਵਿਅਕਤੀ ਦਾ ਨਾਮ ਅੱਜ ਪੁਲਿਸ ਨੇ ਜਨਤਕ ਕਰ ਦਿੱਤਾ ਹੈ। ਜਿਕਰਯੋਗ ਹੈ ਕਿ ਬੀਤੇ ਸ਼ੁਕਰਵਾਰ ਨੂੰ ਆਕਲੈਂਡ ਦੇ Otara ਵਿੱਚ ਗੋਲੀਬਾਰੀ ਦੀ ਘਟਨਾ ਹੋਈ ਸੀ ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ।ਮਾਰਿਆ ਗਿਆ ਵਿਅਤਕੀ ਪੁਲਿਸ ਦਾ ਮੁਲਾਜਮ ਹੀ ਸੀ ਅਤੇ ਉਸ ਦਾ ਨਾਮ Faaifo Siaosi ਸੀ ਅਤੇ ਉਸ ਦੀ ਉਮਰ ਲੱਗਭਗ 23 ਸਾਲ ਸੀ ਅਤੇ ਉਸਨੂੰ Joe ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਇਸ ਸਬੰਧੀ ਅਜੇ ਵੀ ਪੁਲਿਸ ਕਿਸੇ ਨੂੰ ਗ੍ਰਿਫਤਾਰ ਨਹੀਂ ਕਰ ਸਕੀ। ਪੁਲਿਸ ਦਾ ਕਹਿਣਾ ਹੈ ਕਿ ਉਹ ਜਲਦੀ ਹੀ ਦੋਸ਼ੀ ਨੂੰ ਫੜ ਲੈਣਗੇ ਅਤੇ ਨਾਲ ਹੀ ਉਨ੍ਹਾਂ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਇਸ ਘਟਨਾ ਨਾਲ ਸਬੰਧਤ ਜੇ ਕਿਸੇ ਕੋਲ ਜਾਣਕਾਰੀ ਹੋਵੇ ਤਾਂ ਉਹ ਜਾਂਚ ਟੀਮ ਨੂੰ 09 261 1321 ਜਾਂ 0800 555 111 ਨੰਬਰ 'ਤੇ ਸੰਪਰਕ ਕਰ ਸਕਦੀ ਹੈ।

## ਕ੍ਰਾਈਸਟਚਰਚ ਦੇ ਹਮਲਾਵਰ ਤੇ ਅੱਤਵਾਦ ਦਾ ਦੋਸ਼ ਲਗਾਇਆ ਗਿਆ

ਵੈਲਿੰਗਟਨ— ਨਿਊਜ਼ੀਲੈਂਡ ਦੇ ਕ੍ਰਾਈਸਟਚਰਚ ਦੀਆਂ ਮਸਜਿਦਾਂ ਵਿਚ ਨਮਾਜ਼ੀਆਂ ਦੀ ਗੋਲੀ ਮਾਰ ਕੇ ਹੱਤਿਆ ਕਰਨ ਵਾਲੇ ਦੋਸ਼ੀ 'ਤੇ ਪਹਿਲੀ ਵਾਰ ਅਧਿਕਾਰਕ ਤੌਰ 'ਤੇ 'ਅੱਤਵਾਦ' ਦਾ ਦੋਸ਼ ਲਗਾਇਆ ਗਿਆ। ਪੁਲਸ ਨੇ ਦੱਸਿਆ ਕਿ ਬ੍ਰੈਂਟਨ ਟੈਰੇਂਟ 'ਤੇ ਅੱਤਵਾਦ ਦੇ ਦੋਸ਼ ਦੇ ਇਲਾਵਾ 51 ਲੋਕਾਂ ਦੇ ਕਤਲ ਅਤੇ 40 ਲੋਕਾਂ ਦੀ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਲਗਾਏ ਗਏ ਹਨ। ਉਸ ਨੇ 15 ਮਾਰਚ, ਸ਼ੁੱਕਰਵਾਰ ਵਾਲੇ ਦਿਨ ਮਸਜਿਦਾਂ 'ਤੇ ਹਮਲੇ ਕੀਤੇ ਸਨ। ਪੁਲਸ ਨੇ ਆਪਣੇ ਬਿਆਨ ਵਿਚ ਦੱਸਿਆ ਕਿ ਦੋਸ਼ਪੱਤਰ ਵਿਚ ਕਿਹਾ ਜਾਵੇਗਾ ਕਿ ਕ੍ਰਾਈਸਟਚਰਚ ਵਿਚ ਅੱਤਵਾਦੀ ਕਾਰਵਾਈ ਕੀਤੀ ਗਈ ਹੈ। ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਨੇ ਮਸਜਿਦਾਂ 'ਤੇ ਹਮਲੇ ਨੂੰ ਯੋਜਨਾਬੱਧ 'ਅੱਤਵਾਦੀ ਹਮਲਾ' ਦੱਸਿਆ ਸੀ। ਪੁਲਸ ਨੇ ਦੱਸਿਆ ਕਿ ਅੱਤਵਾਦ ਦਾ ਦੋਸ਼ ਲਗਾਉਣ ਦਾ ਫੈਸਲਾ ਵਕੀਲਾਂ ਅਤੇ ਸਰਕਾਰ ਦੇ ਕਾਨੂੰਨੀ ਮਾਹਰਾਂ ਨਾਲ ਸਲਾਹ-ਮਸ਼ਵਰੇ ਦੇ ਬਾਅਦ ਲਿਆ ਗਿਆ। ਜ਼ਿਕਰਯੋਗ ਹੈ ਕਿ 28 ਸਾਲਾ ਟੈਰੇਂਟ ਆਸਟ੍ਰੇਲੀਆਈ ਨਾਗਰਿਕ ਹੈ। ਉਸ ਨੂੰ ਉੱਚ ਸੁਰੱਖਿਆ ਵਾਲੀ ਜੇਲ ਵਿਚ ਰੱਖਿਆ ਗਿਆ ਹੈ। ਇਹ ਪਤਾ ਲਗਾਉਣ ਲਈ ਉਸ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਉਹ ਮੁਕੱਦਮੇ ਦਾ ਸਾਹਮਣਾ ਕਰਨ ਲਈ ਮਾਨਸਿਕ ਰੂਪ ਨਾਲ ਸਿਹਤਮੰਦ ਹੈ ਜਾਂ ਨਹੀਂ।

## ਭਾਰਤ ਵਿਰੁੱਧ ਖੇਡਣ ਨਾਲ ਵਿਸ਼ਵ ਕੱਪ ਲਈ ਤਿਆਰੀ ਚੰਗੀ ਹੋਵੇਗੀ : ਰੋਸ ਟੇਲਰ

ਨਿਊਜ਼ੀਲੈਂਡ ਦੇ ਮੱਧਕ੍ਰਮ ਦੇ ਬੱਲੇਬਾਜ਼ ਰੋਸ ਟੇਲਰ ਨੇ ਮੰਗਲਵਾਰ ਨੂੰ ਕਿਹਾ ਕਿ ਖਿਤਾਬ ਦੇ ਪ੍ਰਮੁੱਖ ਦਾਅਵੇਦਾਰ ਭਾਰਤ ਵਿਰੁੱਧ ਅਭਿਆਸ ਮੈਚ ਖੇਡਣ ਨਾਲ ਉਸਦੀ ਟੀਮ ਨੂੰ 30 ਮਈ ਤੋਂ ਸ਼ੁਰੂ ਹੋਣ ਵਾਲੇ ਵਿਸਵ ਕੱਪ ਲਈ ਤਿਆਰ ਹੋਣ ਵਿਚ ਮਦਦ ਮਿਲੇਗੀ। ਨਿਊਜ਼ੀਲੈਂਡ 25 ਮਈ ਨੂੰ ਭਾਰਤ ਤੇ 28 ਮਈ ਨੂੰ ਵੈਸਟਇੰਡੀਜ਼ ਵਿਰੁੱਧ ਅਭਿਆਸ ਮੈਚ ਖੇਡੇਗਾ। ਵਿਸ਼ਵ ਕੱਪ ਵਿਚ ਉਸਦਾ ਪਹਿਲਾ ਮੈਚ ਸ਼੍ਰੀਲੰਕਾ ਵਿਰੁੱਧ 1 ਜੂਨ ਨੂੰ ਕਾਰਡਿਫ ਨਾਲ ਹੋਵੇਗਾ। ਟੇਲਰ ਨੇ ਕਿਹਾ, "ਭਾਰਤ ਵ੍ਰੁੱਧ 25 ਮਈ ਦਾ ਮੈਚ ਬੁਹਤ ਚੰਗੀ ਤਿਆਰੀ ਹੋਵੇਗੀ। ਉਹ ਸਭ ਤੋਂ ਮਜ਼ਬੂਤ ਟੀਮਾਂ ਵਿਚੋਂ ਇਕ ਹੈ ਤੇ ਟੂਰਨਾਮੈਂਟ ਤੋਂ ਪਹਿਲਾਂ ਖਿਤਾਬ ਦੇ ਪ੍ਰਮੁੱਖ ਦਾਅਵੇਦਾਰਾਂ ਵਿਚ ਸ਼ਾਮਲ ਹੈ। ਸਾਡੇ ਲਈ ਇਹ ਚੰਗਾ ਹੋਵੇਗਾ ਕਿ ਅਸੀਂ ਇਕ ਟੀਮ ਦੇ ਤੌਰ 'ਤੇ ਚੰਗਾ ਪ੍ਰਦਰਸ਼ਨ ਕਰੀਏ।"

## ਨਿਊਜੀਲੈਂਡ 'ਚ ਮਕਾਨ ਮਾਲਕਾਂ ਲਈ ਘਰਾਂ ਦੀਆਂ ਛੱਤਾਂ ਦੀ ਇਨਸੂਲੇਸ਼ਨ 1 ਜੁਲਾਈ ਤੱਕ ਕਰਵਾਉਣਾ ਜਰੂਰੀ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ 'ਚ ਮਕਾਨ ਮਾਲਕਾ ਲਈ 1 ਜੁਲਾਈ ਤੱਕ ਸਾਰੇ ਮਾਲਕ ਮਕਾਨਾਂ ਵਲੋਂ ਘਰਾਂ ਦੀ ਛੱਤ ਅਤੇ ਫਰਸ਼ ਦੀ ਇਨਸੂਲੇਸ਼ਨ ਕਰਵਾਉਣਾ ਜਰੂਰੀ ਹੈ। ਇਸ ਦੀ ਉਲੰਘਣਾ ਕਰਨ ਵਾਲੇ ਖਿਲਾਫ ਰੈਜ਼ੀਡੈਂਸ਼ਲ ਟੈਨੇਸੀ ਐਕਟ ਦੇ ਤਹਿਤ ਸਖਤ ਕਾਰਵਾਈ ਕੀਤੀ ਜਾਵੇਗੀ ? ਅਜਿਹਾ ਨਾ ਕਰਨ ਵਾਲਿਆਂ ਦੇ ਖਿਲਾਫ ਕਿਰਾਏਦਾਰ ਇਸਦੀ ਸ਼ਿਕਾਇਤ ਟੈਨੇਸੀ ਟ੍ਰਿਬਿਊਨਲ ਨੂੰ ਕਰ ਸਕਦੇ ਹਨ। ਮਕਾਨ ਮਾਲਕ ਨੂੰ £4000 ਤੱਕ ਜੁਰਮਾਨਾ ਵੀ ਹੋ ਸਕਦਾ ਹੈ ?

## ਆਕਲੈਂਡ 'ਚ ਬਜ਼ੁਰਗ ਦੀ ਮਦਦ ਕਰਨ ਵਾਲੇ ਬੱਚੇ ਬਣੇ ਹੀਰੋ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਆਕਲੈਂਡ ਵੈਸਟ 'ਚ ਦੋ ਲੜਕਿਆ ਦੀ ਫੋਟੋ ਖੂਬ ਵਾਇਰਲ ਹੋ ਰਹੀ ਹੈ। 13 ਸਾਲ ਉਮਰ ਦੇ ਇਹ ਲੜਕੇ ਦੋਸਤ ਹਨ। Blake Ockleston and Daniel Coyle-Smith ਨਾਮ ਦੇ ਇਨ੍ਹਾਂ ਲੜਕਿਆ ਨੇ ਬੀਤੇ ਦਿਨੀਂ ਇੱਕ ਬਜੁਰਗ ਆਦਮੀ ਦੀ ਮੱਦਦ ਕੀਤੀ ਸੀ। ਇਹ ਬਜੁਰਗ ਆਦਮੀ ਸੜਕ ਪਾਰ ਕਰਨ ਲਈ ਕਿਸੇ ਦੀ ਮਦਦ ਲੱਭ ਰਿਹਾ ਸੀ। ਜਦੋਂ ਇਹ ਦੋਵੇਂ ਲੜਕੇ ਬਜੁਰਗ ਦੀ ਮਦਦ ਕਰ ਰਹੇ ਸਨ ਤਾਂ ਉਨ੍ਹਾਂ ਦੀ ਤਸਵੀਰ ਇੱਕ ਔਰਤ ਨੇ ਖਿਚ ਲਈ ਅਤੇ ਸ਼ੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ। ਦੇਖਦੇ ਹੀ ਦੇਖਦੇ ਲੋਕ ਵੱਲੋਂ ਇਨ੍ਹਾਂ ਦੋਵੇਂ ਲੜਕਿਆਂ ਨੂੰ ਹੀਰੋ ਬਣਾ ਦਿੱਤਾ। ਲੋਕਾਂ ਦੀ ਰਾਇ ਸੀ ਕਿ ਅਜਿਹੇ ਕੰਮਾਂ ਲਈ ਸਾਨੂੰ ਆਪਣੇ ਬੱਚਿਆ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ।